# ਸੋਮਵਾਰ 30 ਜੁਲਾਈ 2018 ਤੋਂ ਐਤਵਾਰ 5 ਅਗੱਸਤ 2018 ਤੱਕ

- 31.7.17 ਮੰਗਲਵਾਰ:- 4.00 ਵਜੇ:-ਸ ਅਜੀਤ ਸਿੰਘ ਗਿੱਲ ਅਤੇ ਪਰਿਵਾਰ ਵੱਲੋਂ ਦੋਹਰੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।ਸ਼ਹੀਦੀ ਦਿਨ ਸ ਉਧਮ ਸਿੰਘ ਜੀ।

- 1.8.18 ਬੁੱਧਵਾਰ: - 4.30 ਵਜ਼ੇ:- ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ 2.8.18 ਵੀਰਵਾਰ:-
- 6.00 ਵੱਜ਼ੇ:- ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

3.8.18 ਸ਼ੁਕਰਵਾਰ:-

- 10.00 ਵਜ਼ੇ:-ਸਾਧ ਸੰਗਤ ਵੱਲੋਂ ਸ ਉਧਮ ਸਿੰਘ ਜੀ ਦੀ ਸ਼ਹੀਦੀ ਦਿਨ ਅਤੇ ਭਗਤ ਪੂਰਨ ਸਿੰਘ ਜੀ ਦੇ ਅਕਾਲ ਚਲਾਣਾ ਦੇ ਸਬੰਧ'ਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

4.8.18 ਸ਼ਨਿਚਰਵਾਰ: - 10.30 ਵਜੇ:- ਬੀਬੀ ਹਰਭਜਨ ਕੌਰ ਉਪਰਲੇ ਹਾਲ ਵਿੱਚ ਅਤੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।
4.00 ਵਜ਼ੇ:- ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

- 5.8.18 ਐਤਵਾਰ:- Summer Holidays Punjabi School 5,12,19 &26 August closed
-
- 9.00 ਵਜ਼ੇ: - ਅਕਾਲ ਚਲਾਣਾ ਭਗਤ ਪੂਰਨ ਸਿੰਘ ਜੀ

ਸਾਧ ਸੰਗਤ ਵੱਲੋਂ ਸ ਉਧਮ ਸਿੰਘ ਜੀ ਦੀ ਸ਼ਹੀਦੀ ਦਿਨ ਅਤੇ ਭਗਤ ਪੂਰਨ ਸਿੰਘ ਜੀ ਦੇ ਅਕਾਲ ਚਲਾਣਾ ਦੇ ਸਬੰਧ'ਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 900 ਵਜ਼ੇ ਪੈਣਗੇ ਉਪਰੰਤ ਅਮਰੀਕ ਸਿੰਘ ਕਾਲੀ ਰਾਏ ਅਤੇ ਪਰਿਵਾਰ ਵਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ

ਨੋਟ:-

- 9 ਅਗੱਸਤ ਸ਼ਹੀਦੀ ਭਾਈ ਸੁਖਦੇਵ ਸਿੰਘ ਬੱਬਰ
- 12.8.18 ਐਤਵਾਰ:- ਅਨੰਦ ਕਾਰਜ਼ ਉਪਰਲੇ ਹਾਲ ਵਿੱਚ ਹੋਵੇਗਾ ਰਜਿਸਟਰ ਭੀ ਹੋਣਾ ਹੈ। ।
- 16 ਅਗੱਸਤ ਸੰਗ੍ਰਾਂਦ ਭਾਦੋਂ ਦੀ
- 19.8.18 ਐਤਵਾਰ:- ਅਨੰਦ ਕਾਰਜ਼ ਉਪਰਲੇ ਹਾਲ ਵਿੱਚ ਹੋਵੇਗਾ ਰਜਿਸਟਰ ਭੀ ਹੋਣਾ ਹੈ।
- 26 ਅਗੱਸਤ ਜਨਮ ਦਿਨ ਭਾਈ ਦਿਆ ਸਿੰਘ ਜੀ
- **27 August Summer Bank Holiday**
- 29 ਅਗੱਸਤ ਰੱਖੜੀ
- 30 ਅਗੱਸਤ ਸੰਪੂਰਨਤਾ ਗੁਰੁ ਗ੍ਰੰਥ ਸਾਹਿਬ ਜੀ
- 31 ਅਗੱਸਤ ਸ਼ਹੀਦੀ ਭਾਈ ਦਿਲਾਵਰ ਸਿੰਘ ਜੀ ਬੱਬਰ
- **02.09.18 Sun:-**ਅਨੰਦ ਕਾਰਜ਼ ਉਪਰਲੇ ਹਾਲ ਵਿੱਚ ਹੋਵੇਗਾ।
- **23.09.18 Sun:-**ਅਨੰਦ ਕਾਰਜ਼ ਉਪਰਲੇ ਹਾਲ ਵਿੱਚ ਹੋਵੇਗਾ।

## • ਸ਼ਹੀਦ ਊਧਮ ਸਿੰਘ

31 ਜੁਲਾਈ ਦਾ ਦਿਨ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦਾ ਦਿਨ ਹੈ। ਉਸ ਦੀ ਜ਼ਿੰਦਗੀ ਦੇ ਕੁਝ ਰੌਚਿਕ ਪਲ ਅਜਿਹੇ ਹਨ, ਜਿਨ੍ਹਾਂ ਨੂੰ ਵਾਰ-ਵਾਰ ਪੜ੍ਹ ਕੇ ਮਨ ਵਿਚ ਪ੍ਰੇਰਨਾ ਇਹ ਮਿਲਦੀ ਹੈ ਕਿ ਦੇਸ਼ 'ਤੇ ਜਦੋਂ ਵੀ ਕਦੇ ਮੁਸੀਬਤ ਬਣੇ, ਸਾਨੂੰ ਕੁਰਬਾਨੀ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। ਊਧਮ ਸਿੰਘ ਦੀ ਸ਼ਹਾਦਤ ਦੀਆਂ ਕਈ ਗੱਲਾਂ ਇੰਨੀਆਂ ਨਿਵੇਕਲੀਆਂ ਹਨ, ਜਿਸ ਨਾਲ ਉਸ ਦੀ ਸ਼ਹਾਦਤ ਦੂਸਰਿਆਂ ਨਾਲੋਂ ਅਲੱਗ ਨਜ਼ਰ ਆਉਂਦੀ ਹੈ। ਉਸ ਨੇ ਇਕ ਯਤੀਮ ਤੋਂ ਸ਼ਹੀਦ ਤੱਕ ਦਾ ਲੰਮਾ ਪੈਂਡਾ ਤਹਿ ਕੀਤਾ। ਕੋਈ ਵਿਅਕਤੀ ਕਿਵੇਂ 20 ਸਾਲ ਆਪਣੇ ਹੀ ਮਨ ਵਿਚ ਬਦਲੇ ਦੀ ਮਸ਼ਾਲ ਬਾਲ ਕੇ ਰੱਖਦਾ ਹੈ ਤੇ ਪ੍ਰਦੇਸਾਂ ਵਿਚ ਜਾ ਕੇ ਇਸ ਬਦਲੇ ਨੂੰ ਅੰਜ਼ਾਮ ਦਿੰਦਾ ਹੈ, ਇਹ ਗੱਲ ਊਧਮ ਸਿੰਘ ਦੇ ਜੀਵਨ ਦੀ ਅਹਿਮ ਗੱਲ ਬਣ ਕੇ ਉੱਭਰਦੀ ਹੈ।

ਇਸ ਮਹਾਨ ਸ਼ਹੀਦ ਦਾ ਜਨਮ 26 ਦਸੰਬਰ, 1899 ਨੂੰ ਸੰਗਰੂਰ ਜ਼ਿਲ੍ਹੇ ਦੇ ਕਸਬਾ ਸੁਨਾਮ ਵਿਚ ਹੋਇਆ। ਉਸ ਦੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਇਕ ਰੇਲਵੇ ਕਰਾਸਿੰਗ ਦੇ ਫਾਟਕ 'ਤੇ ਚੌਕੀਦਾਰ ਸਨ ਤੇ ਮਾਤਾ ਨਾਰਾਇਣੀ ਦੇਵੀ ਘਰ ਗ੍ਰਹਿਣੀ ਚੰਗੇ ਸੰਸਕਾਰਾਂ ਵਾਲੀ ਇਸਤਰੀ ਸੀ। ਕਹਿੰਦੇ ਹਨ ਮਹਾਨ ਵਿਅਕਤੀਆਂ ਨੂੰ ਮੁਸੀਬਤਾਂ ਇਕੱਲੀਆਂ ਨਹੀਂ ਆਉਂਦੀਆਂ, ਊਧਮ ਸਿੰਘ ਜਦੋਂ ਢਾਈ ਸਾਲ ਦਾ ਸੀ ਤਾਂ ਮਾਂ ਮਰ ਗਈ ਤੇ ਪਾਲਣਾ ਪਹਿਲਾਂ ਪਿਤਾ ਨੇ ਹੀ ਕੀਤੀ। ਉਸ ਸਮੇਂ ਸੁਨਾਮ ਵਿੱਦਿਆ ਦੇ ਖੇਤਰ ਵਿਚ ਬਹੁਤ ਪਛੜਿਆ ਹੋਇਆ ਸੀ, ਪਿਤਾ ਉਸ ਨੂੰ ਅੰਮ੍ਰਿਤਸਰ ਲੈ ਕੇ ਆਇਆ ਪਰ ਤਕਦੀਰ ਦੀ ਖੇਡ ਦੇਖੋ, ਜਦੋਂ ਊਧਮ ਸਿੰਘ ਪ੍ਰਾਇਮਰੀ ਕਲਾਸ ਵਿਚ ਸੀ ਤਾਂ ਫਿਰ ਪਿਤਾ ਦਾ ਵੀ ਦਿਹਾਂਤ ਹੋ ਗਿਆ।

ਹੋਣੀ ਕਿਸ ਤਰ੍ਹਾਂ ਰੰਗ ਬਦਲਦੀ ਹੈ, ਸਕੂਲ ਵਿਚ ਹੀ ਉਸ ਦਾ ਸੰਪਰਕ ਮਾਸਟਰ ਜੈ ਚੰਦਰ ਸ਼ਰਮਾ ਨਾਲ ਹੋਇਆ, ਉਹ ਬਹੁਤ ਇਨਕਲਾਬੀ ਰੁਚੀਆਂ ਵਾਲਾ ਸੀ। ਉਸ ਨੇ ਕੋਮਲ ਬਾਲ ਮਨ 'ਤੇ ਗ਼ਦਰੀ ਬਾਬਿਆਂ ਦੀਆਂ ਕਹਾਣੀਆਂ ਸੁਣਾ ਕੇ ਊਧਮ ਸਿੰਘ ਨੂੰ ਇਨਕਲਾਬ ਦੇ ਰਸਤੇ 'ਤੇ ਤੋਰਨ ਲਈ ਤਿਆਰ ਕਰ ਲਿਆ। ਜਦੋਂ ਊਧਮ ਸਿੰਘ ਕੁਝ ਜੁਆਨ ਹੋਇਆ ਤਾਂ ਅਧਿਆਪਕ ਫਿਰ ਉਸ ਨੂੰ ਊਧਮ ਸਿੰਘ ਦੇ ਕਹਿਣ 'ਤੇ ਅਨਾਥ ਆਸ਼ਰਮ ਛੱਡ ਆਇਆ, ਪਰ ਉਨ੍ਹਾਂ ਦਾ ਨਿੱਘਾ ਰਿਸ਼ਤਾ ਬਣਿਆ ਰਿਹਾ।

ਇਸੇ ਸਮੇਂ ਹੀ ਮਾਸਟਰ ਜੈ ਚੰਦ ਨੇ ਕੁਝ ਇਨਕਲਾਬੀਆਂ ਨਾਲ ਵੀ ਉਸ ਦੀ ਨੇੜਤਾ ਕਇਮ ਕਰਾ ਦਿੱਤੀ। ਇਨ੍ਹਾਂ ਦਿਨਾਂ ਵਿਚ ਕ੍ਰਾਂਤੀ ਦੀ ਲਹਿਰ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ, ਸਾਰੇ ਵੱਡੇ ਨੇਤਾ ਫੜੇ ਜਾ ਰਹੇ ਸਨ। ਉਸ ਦੇ ਜੀਵਨ ਦੀ ਮਹਾਨ ਘਟਨਾ ਇਹ ਘਟੀ ਕਿ ਜਦੋਂ ਉਹ ਕੇਵਲ 16 ਸਾਲ ਦਾ ਹੀ ਸੀ, ਤਾਂ 20-25 ਹਜ਼ਾਰ ਲੋਕ ਇਕੱਠੇ ਹੋ ਕੇ 13 ਅਪ੍ਰੈਲ, 1919 ਵਾਲੇ ਦਿਨ ਵਿਸਾਖੀ ਦਾ ਦਿਨ ਸ਼ਾਂਤਮਈ ਢੰਗ ਨਾਲ ਜਲ੍ਹਿਆਂਵਾਲਾ ਬਾਗ ਵਿਚ ਮਨਾ ਰਹੇ ਸਨ ਤੇ ਡਾ: ਸਤਪਾਲ ਅਤੇ ਸੈਫਦੀਨ ਦੀ ਰਿਹਾਈ ਦੀ ਮੰਗ ਕਰ ਰਹੇ ਸਨ ਤਾਂ ਜਨਰਲ ਡਾਇਰ ਇਕ ਤੰਗ ਰਸਤੇ ਰਾਹੀਂ ਆਇਆ ਤੇ ਬਾਕੀ ਸਾਰੇ ਰਸਤੇ ਉਸ ਨੇ ਬੰਦ ਕਰਾ ਦਿੱਤੇ, ਲੋਕਾਂ ਨੂੰ ਬਿਖਰ ਜਾਣ ਦੀ ਚਿਤਾਵਨੀ ਵੀ ਨਹੀਂ ਦਿੱਤੀ ਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਹੀ ਪਲਾਂ ਵਿਚ ਬਾਗ ਲਾਸ਼ਾਂ ਦਾ ਢੇਰ ਬਣ ਗਿਆ, ਲੋਕਾਂ ਨੇ ਖੂਹਾਂ ਵਿਚ ਛਾਲਾਂ ਮਾਰੀਆਂ। ਇਕ ਅੰਦਾਜ਼ੇ ਅਨੁਸਾਰ ਕੋਈ 379 ਲੋਕ ਥਾਂ 'ਤੇ ਹੀ ਮਾਰੇ ਗਏ ਤੇ 1200 ਲੋਕ ਗੰਭੀਰ ਜ਼ਖਮੀ ਹੋਏ। ਊਧਮ ਸਿੰਘ ਨੇ ਦਰੱਖਤ 'ਤੇ ਚੜ੍ਹ ਕੇ ਜਾਨ ਬਚਾਈ, ਪਰ ਇਹ ਹੋਣੀ ਦਾ ਕੌਤਕ ਉਸ ਨੇ ਅੱਖੀਂ ਦੇਖਿਆ।

ਦੇਸ਼ ਵਿਚ ਆਜ਼ਾਦੀ ਦੀ ਲਹਿਰ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ, ਦੇਸ਼ ਵਿਚ ਬਹੁਤ ਮੁਜ਼ਾਹਰੇ ਹੋਣ ਲੱਗ ਪਏ ਤਾਂ ਸਾਰੇ ਵਿਸ਼ਵ ਵਿਚ ਇਸ ਕਾਂਡ ਦੀ ਨਿੰਦਾ ਹੋਈ। ਆਖਰ ਅੰਗਰੇਜ਼ੀ ਸਰਕਾਰ ਨੇ ਲੋਕਾਂ ਦੇ ਅੱਥਰੂ ਪੂੰਝਣ ਲਈ ਹੰਟਰ ਕਮਿਸ਼ਨ ਕਾਇਮ ਕੀਤਾ, ਜਿਸ ਦੀ ਜਦੋਂ ਰਿਪੋਰਟ ਆਈ ਤਾਂ ਗਵਰਨਰ ਮਾਈਕਲ ਓਡਵਾਇਰ ਤੇ ਜਨਰਲ ਡਾਇਰ ਨੂੰ ਦੋਸ਼ੀ ਠਹਿਰਾਇਆ ਗਿਆ, ਇਨ੍ਹਾਂ ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕੀਤਾ ਗਿਆ, ਦੋਵਾਂ ਨੂੰ ਵਾਪਸ ਇੰਗਲੈਂਡ ਭੇਜ ਦਿੱਤਾ ਗਿਆ, ਪਰ ਇੰਨੇ ਵੱਡੇ ਕਤਲੇਆਮ ਦੀ ਇਸ ਸਜ਼ਾ ਨਾਲ ਊਧਮ ਸਿੰਘ ਦਾ ਮਨ ਸ਼ਾਂਤ ਨਾ ਹੋਇਆ। ਉਸ ਨੇ ਇਹ ਫੈਸਲਾ ਕੀਤਾ ਕਿ ਇਨ੍ਹਾਂ ਦੋਵਾਂ ਦਾ ਇੰਗਲੈਂਡ ਜਾ ਕੇ ਸਫਾਇਆ ਕੀਤਾ ਜਾਵੇ ਤੇ ਇਸ ਮਹਾਨ ਕਾਰਜ ਲਈ ਉਸ ਨੇ ਤਿਆਰੀ ਸ਼ੁਰੂ ਕਰ ਲਈ।

ਉਸ ਨੇ ਆਪਣੀ ਜ਼ਿੰਦਗੀ ਵਿਚ ਕਈ ਨਾਂਅ ਬਦਲੇ, ਪਰ ਆਪਣਾ ਨਿਸ਼ਾਨਾ ਨਹੀਂ ਬਦਲਿਆ। ਕਦੇ ਸ਼ੇਰ ਸਿੰਘ, ਕਦੇ ਰਾਮ ਮੁਹੰਮਦ ਸਿੰਘ ਆਜ਼ਾਦ ਬਣਿਆ, ਸ਼ੇਰ ਸਿੰਘ ਬਣਨ ਬਾਰੇ ਕਹਾਣੀ ਇਹ ਪ੍ਰਸਿੱਧ ਹੈ ਕਿ ਉਹ ਸ਼ਿਕਾਰ ਕਰਨ, ਕੁਸ਼ਤੀਆਂ ਲੜਨ ਦਾ ਸ਼ੌਕੀਨ ਸੀ ਤੇ ਖੂੰਖਾਰ ਜਾਨਵਰਾਂ ਅੱਗੇ ਟੋਏ ਪੁੱਟ ਕੇ ਉਨ੍ਹਾਂ ਨੂੰ ਫੜਦਾ ਸੀ। ਰਾਮ ਮੁਹੰਮਦ ਸਿੰਘ ਇਸ ਲਈ ਬਣਿਆ ਕਿ ਉਹ ਇਨਸਾਨੀਅਤ ਦੇ ਧਰਮ ਨੂੰ ਮੰਨਦਾ ਸੀ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ। ਆਪਣੇ ਇਰਾਦੇ ਨੂੰ ਪੂਰਾ ਕਰਨ ਲਈ ਉਸ ਨੇ ਕਈ ਕੰਮ ਕੀਤੇ। ਪਹਿਲਾਂ ਮੇਰਠ ਜਾ ਕੇ ਗੈਰਜ ਵਿਚ ਮੋਟਰ ਮਕੈਨਕੀ ਸਿੱਖੀ ਤੇ ਡਰਾਈਵਰੀ ਕਰਨ ਲੱਗ ਪਿਆ। ਮੋਟਰ ਮਕੈਨਕ ਵੀ ਬਣਿਆ ਪਰ ਇਸ ਸਾਰੇ ਸਮੇਂ ਉਹ ਇੰਗਲੈਂਡ ਜਾਣ ਲਈ ਪੈਸੇ ਇਕੱਠੇ ਕਰਦਾ ਰਿਹਾ।

ਆਖਰ ਆਪਣੇ ਯਤਨਾਂ ਨਾਲ ਉਹ ਇੰਗਲੈਂਡ ਪਹੁੰਚ ਗਿਆ ਤੇ ਮਾਈਕਲ ਓਡਵਾਇਰ ਦਾ ਪਿੱਛਾ ਕਰਨ ਲੱਗ ਪਿਆ। ਫਿਰ ਉਹ ਦਿਨ ਵੀ ਆ ਗਿਆ, ਜਿਸ ਦਿਨ ਦੀ ਉਸ ਨੂੰ ਉਡੀਕ ਸੀ। ਇਕ ਦਿਨ ਉਸ ਨੂੰ ਪਤਾ ਲੱਗਾ ਕਿ ਗਵਰਨਰ ਓਡਵਾਇਰ ਕੈਕਸਟਨ ਹਾਲ ਲੰਦਨ ਵਿਖੇ ਇਕ ਮੀਟਿੰਗ ਵਿਚ ਜਾ ਰਿਹਾ ਹੈ। ਊਧਮ ਸਿੰਘ ਨੇ ਉਸ ਦਾ ਪਿੱਛਾ ਕੀਤਾ। ਜਲ੍ਹਿਆਂਵਾਲਾ ਬਾਗ ਦੇ 20 ਸਾਲ ਬਾਅਦ ਇਸ ਬਹਾਦਰ ਸਪੁੱਤਰ ਨੇ ਭਾਰਤੀ ਸਵੈਮਾਣ ਦਾ ਬਦਲਾ ਇਕ ਵਿਦੇਸ਼ੀ ਧਰਤੀ 'ਤੇ ਜਾ ਕੇ ਲਿਆ। ਇਹ ਘਟਨਾ 13 ਮਾਰਚ, 1940 ਨੂੰ 4.30 ਵਜੇ ਕੈਕਸਟਨ ਹਾਲ ਲੰਦਨ ਵਿਚ ਵਾਪਰੀ। ਊਧਮ ਸਿੰਘ ਨੇ 6 ਗੋਲੀਆਂ ਮਾਰ ਕੇ ਮਾਈਕਲ ਓਡਵਾਇਰ, ਜੋ ਜਲ੍ਹਿਆਂਵਾਲਾ ਬਾਗ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ ਤੇ ਮੁੱਖ ਦੋਸ਼ੀ ਸੀ, ਨੂੰ ਢੇਰੀ ਕਰ ਦਿੱਤਾ। 31 ਜੁਲਾਈ, 1940 ਨੂੰ ਊਧਮ ਸਿੰਘ ਨੂੰ ਜੇਲ੍ਹ ਵਿਚ ਹੀ ਫਾਂਸੀ ਦੇ ਕੇ ਜੇਲ੍ਹ ਵਿਚ ਹੀ ਦਫਨਾ ਦਿੱਤਾ ਗਿਆ। ਊਧਮ ਸਿੰਘ ਨੇ ਸ਼ਹਾਦਤ ਦੀ ਇਕ ਅਦੁੱਤੀ ਮਿਸਾਲ ਪੈਦਾ ਕੀਤੀ ਕਿ ਦੇਸ਼ ਦੇ ਸਵੈਮਾਣ ਤੋਂ ਉੱਤਮ ਹੋਰ ਕੁਝ ਨਹੀਂ।

-274-ਏ ਐਕਸ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ। ਮੋਬਾ: 98152-55295